# ਕੀ ਤੁਸੀਂ ਟੈਕਸੀ ਅਤੇ ਲਿਮੋਜ਼ਿਨ ਕਮਿਸ਼ਨ (ਟੀ.ਐੱਲ.ਸੀ.) ਦੇ ਡਰਾਈਵਰ ਹੋ?

# ਆਪਣੇ ਬਿੱਲ ਭਰਨ ਵਿੱਚ ਮੁਸ਼ਕਿਲ ਹੋ ਰਹੀ ਹੈ?

# ਤਣਾਅ ਮਹਿਸੂਸ ਕਰ ਰਹੇ ਹੋ?

## ਤੁਹਾਡੇ ਕੋਲ ਵਿਕਲਪ ਹਨ। ਇਹ ਸ਼ਹਿਰ ਸਹਾਇਤਾ ਕਰ ਸਕਦਾ ਹੈ

ਵੇਰਵੇ ਲਈ ਪਿਛਲੇ ਪਾਸੇ ਦੇਖੋ।

NYC | Financial Empowerment Center — Free One-on-One Financial Counseling | Thrive NYC | ActionNYC

# ਕਿਸੇ NYC ਵਿੱਤੀ ਸ਼ਕਤੀਕਰਨ ਕੇਂਦਰ ਵਿਖੇ ਮੁਫ਼ਤ ਵਿੱਤੀ ਸਲਾਹ ਲਓ।

Financial Empowerment Center

ਪੈਸੇ ਬਾਰੇ ਪਰੇਸ਼ਾਨ ਰਹਿੰਦੇ ਹੋ? ਕੀ ਤੁਸੀਂ ਆਪਣੇ ਕਰਜ਼ੇ ਦਾ ਭਾਰ ਨਹੀਂ ਚੁੱਕ ਸਕਦੇ ਜਾਂ ਮੁੜਵਿੱਤੀ ਪ੍ਰਬੰਧ ਕਰਨ ਦਾ ਤਰੀਕਾ ਨਹੀਂ ਲੱਭ ਰਿਹਾ ਹੈ? ਦਿਵਾਲੀਏਪਣ ਬਾਰੇ ਵਿਚਾਰ ਕਰ ਰਹੇ ਹੋ? ਇੱਕ ਪੇਸ਼ੇਵਰ ਵਿੱਤੀ ਸਲਾਹਕਾਰ ਨੂੰ ਆਹਮੋ-ਸਾਹਮਣੇ ਮਿਲੋ:

- ਆਪਣੇ ਕ੍ਰੈਡਿਟ, ਕਰਜ਼ਿਆਂ, ਬਿੱਲਾਂ ਅਤੇ ਹੋਰ ਕਰਜ਼ਿਆਂ ਦੀ ਸਮੀਖਿਆ ਲਈ
- ਇਹ ਸਮਝਣ ਲਈ ਕਿ ਆਪਣੇ ਕਾਰੋਬਾਰ ਦੇ ਖਰਚਿਆਂ ਨੂੰ ਕਿਵੇਂ ਵੱਖ ਰੱਖਣਾ ਹੈ
- ਆਪਣੇ ਕਰੈਡਿਟ ਸਕੋਰ ਨੂੰ ਬਿਹਤਰ ਬਣਾਉਣ ਲਈ
- ਤੁਹਾਨੂੰ ਤੁਹਾਡੇ ਵਿਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਲਈ ਅਤੇ ਤੁਹਾਡੇ ਵਿੱਤੀ ਟੀਚਿਆਂ ਤੱਕ ਪਹੁੰਚਣ ਵਿਚ ਤੁਹਾਡੀ ਮਦਦ ਲਈ

ਵਿੱਤੀ ਸਲਾਹ ਮੁਫ਼ਤ ਅਤੇ ਗੁਪਤ ਹੈ, ਕਈ ਭਾਸ਼ਾਵਾਂ ਵਿੱਚ ਅਤੇ ਪੂਰੇ ਸ਼ਹਿਰ ਦੇ ਸਥਾਨਾਂ 'ਤੇ ਉਪਲਬਧ ਹੈ।

## ਅੱਜ ਹੀ ਮੁਲਾਕਾਤ ਲਈ ਸਮਾਂ ਤੈਅ ਕਰਵਾਓ:

**311** ਨੂੰ ਕਾਲ ਕਰੋ ਅਤੇ ਕਹੋ "Financial Empowerment Center" | **nyc.gov/dca** 'ਤੇ ਜਾਓ | ਲਿਖੋ **'TalkMoney'** ਅਤੇ **42033** 'ਤੇ ਭੇਜੋ

** ਸੁਨੇਹਾ ਅਤੇ ਡੇਟਾ ਦਰਾਂ ਲਾਗੂ ਹੋ ਸਕਦੀਆਂ ਹਨ। ਆਪਣੇ ਸੇਵਾ ਪ੍ਰਦਾਤਾ ਤੋਂ ਪਤਾ ਕਰੋ।*

*NYC ਫਾਈਨੈਂਸ਼ੀਅਲ ਇਮਪਾਵਰਮੈਂਟ ਸੈਂਟਰ ਕਰਜ਼ ਨਹੀਂ ਦੇ ਸਕਦਾ ਜਾਂ ਰੀਫਾਇਨਾਂਸ ਮੁਹੱਈਆ ਨਹੀਂ ਕਰ ਸਕਦਾ।*

---

# ਇਕੱਲਿਆਂ ਸੰਘਰਸ਼ ਨਾ ਕਰੋ। ਤਣਾਅ, ਨਿਰਾਸ਼ਾ, ਅਤੇ ਚਿੰਤਾ ਵਰਗੀਆਂ ਸਮੱਸਿਆਵਾਂ ਨੂੰ ਸੁਣਨ ਅਤੇ ਮਦਦ ਕਰਨ ਲਈ, NYC Well ਮੌਜੂਦ ਹੈ।

Thrive NYC

NYC Well ਸਲਾਹਕਾਰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਮਦਦ ਲਈ ਤਿਆਰ ਹੁੰਦੇ ਹਨ।
ਕਾਲਾਂ ਮੁਫ਼ਤ ਅਤੇ ਗੁਪਤ ਹੁੰਦੀਆਂ ਹਨ, ਅਤੇ ਸਹਾਇਤਾ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

## ਤੁਸੀਂ ਆਪਣੇ ਲਈ ਜਾਂ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਜਾਂ ਦੋਸਤ ਲਈ ਪਹੁੰਚ ਸਕਦੇ ਹੋ:

ਕਾਲ ਕਰੋ **1-888-NYC WELL** | ਟੈਕਸਟ ਕਰੋ **WELL 65173** 'ਤੇ | **nyc.gov/nycwell** 'ਤੇ ਚੈਟ ਕਰੋ

---

# ActionNYC ਤੁਹਾਡੀ ਆਪਣੀ ਭਾਸ਼ਾ ਵਿੱਚ, ਤੁਹਾਡੇ ਭਾਈਚਾਰੇ ਵਿੱਚ ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਸਕ੍ਰੀਨਿੰਗ ਮੁਹੱਈਆ ਕਰਦਾ ਹੈ।

ActionNYC

ਕਈ ਮਾਮਲਿਆਂ ਲਈ ਤਜਰਬੇਕਾਰ ਅਟਾਰਨੀ ਜਾਂ ਪ੍ਰਵਾਨਤ ਨੁਮਾਇੰਦੇ ਤੋਂ ਮਦਦ ਪ੍ਰਾਪਤ ਕਰੋ, ਜਿਸ ਵਿੱਚ ਇਹ ਸ਼ਾਮਲ ਹਨ:

- ਨਾਗਰਿਕਤਾ
- ਗ੍ਰੀਨ ਕਾਰਡ ਦੀ ਦਰਖਾਸਤ ਅਤੇ ਨਵੀਨੀਕਰਨ
- ਬਚਪਨ ਵਿੱਚ ਆਮਦਾਂ ਲਈ ਸਥਗਿਤ ਕਾਰਵਾਈ (ਡੀ.ਏ.ਸੀ.ਏ.)
- ਅਸਥਾਈ ਸੁਰੱਖਿਅਤ ਸਥਿਤੀ (ਟੀ ਪੀ ਐਸ) ਅਤੇ ਹੋਰ!

ActionNYC ਦੇ ਟਿਕਾਣਿਆਂ ਵਿੱਚ ਸ਼ਹਿਰ ਭਰ ਵਿੱਚ ਚੋਣਵੀਆਂ ਭਾਈਚਾਰਾ-ਅਧਾਰਿਤ ਸੰਸਥਾਵਾਂ, ਸਕੂਲ ਅਤੇ ਸਿਹਤ ਸੇਵਾ ਸੰਸਥਾਵਾਂ ਸ਼ਾਮਲ ਹਨ।

## ਹੋਰ ਜਾਣੋ:

ਕਾਲ ਕਰੋ **1-800-354-0365** (ਸੋਮਵਾਰ–ਸ਼ੁੱਕਰਵਾਰ, ਸਵੇਰੇ 9 ਵਜੇ–ਸ਼ਾਮ 6 ਵਜੇ) | ਕਾਲ ਕਰੋ **311** ਅਤੇ ਕਹੋ "ActionNYC" | **nyc.gov/actionnyc** 'ਤੇ ਜਾਓ

NYC | Taxi and Limousine Commission | Consumer Affairs | Health | Mayor's Office of Immigrant Affairs

09/2018